ਪੋੜੀ 21

ਕੇਂਦਰੀ ਭਾਵ: ਪ੍ਰਮਾਤਮਾ ਦੇ ਘਰ ਸ਼ੋਭਾ ਕਿਵੇਂ ਪਾਈਏਂ

ਸਾਡੇ ਕਰਮ ਇਥੋਂ ਤਕ ਕੀ ਸ਼ੁਭ ਕਰਮ ਵੀ ਲਾਹੇਵੰਦ ਨਹੀਂ ਹੁੰਦੇ ਜੇ ਕਰ ਉਹ ਅੰਹਿਕਾਰ, ਲੋਭ ਵਸ ਕੀਤੇ ਜਾਣ।

ਤੁਸੀਂ ਵੇਖਿਆ ਹੋਵੇਗਾ ਜਿਹੜੇ ਲੋਕ ਦਾਨ ਪੁੰਨ, ਧਾਰਮਿਕ ਸਥਾਨਾਂ ਦੀ ਉਸਾਰੀ, ਗਰੀਬਾਂ ਦੀ ਸੇਵਾ ਆਦਿ ਕਰਦੇ ਹਨ ਉਹਨਾਂ ਵਿੱਚ ਅੰਹਕਾਰ ਦਾ ਭਾਵ ਪ੍ਰਗਟ ਹੋ ਜਾਂਦਾ ਹੈ। ਫੇਰ ਤੁਸੀਂ ਵੇਖਿਆ ਹੋਵੇਗਾ ਜਿਆਦਾ ਤਰ ਲੋਕ ਆਪਣੇ ਬਿਰਧ ਮਾਤਾ-ਪਿਤਾ ਦੀ ਸੇਵਾ ਪ੍ਰੇਮ ਭਾਵ ਨਾਲ ਨਹੀਂ ਸਗੋਂ ਜਾਇਦਾਦ ਦੇ ਲੋਭ ਵਿੱਚ ਕਰਦੇ ਹਨ। ਖ਼ੂਨ ਦਾਨੀ ਅੰਹਕਾਰ ਵਸ ਹੋ ਕੇ ਦਾਅਵਾ ਕਰਦਾ ਹੈ - ਕਿ ਮੈਂ ਇਕ ਸੌ ਤੋਂ ਜਿਆਦਾ ਵਾਰੀ ਖ਼ੂਨ ਦਾਨ ਕੀਤਾ ਹੈ; ਅਤੇ ਇਹ ਉਮੀਦ ਵੀ ਰਖਦਾ ਹੈ ਕਿ ਜ਼ਰੂਰਤ ਦੇ ਸਮੇਂ ਇਹ ਮੈਨੂੰ ਮਦਦਗਾਰ/ਮੁੜ ਵਾਪਸ ਹੋਵੇਗਾ। ਤੁਹਾਡੇ ਕਰਮ ਲਾਹੇਵੰਦ ਹੋਣਗੇ ਕਿ ਨਹੀਂ ਇਹ ਤੁਹਾਡੀ ਭਾਵਨਾ ਤੇ ਨਿਰਭਰ ਕਰਦਾ ਹੈ। ਜੇ ਪ੍ਰੇਮ ਭਾਵ ਵਿੱਚ ਕੀਤੇ ਹੋਣਗੇ ਤਾਂ ਲਾਹੇਵੰਦ ਜੇ ਅੰਹਿਕਾਰ ਵਸ ਤਾਂ ਨਹੀਂ।

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਪ੍ਰਮਾਤਮਾ ਦੇ ਪ੍ਰੇਮ ਭਾਵ ਵਿੱਚ ਕੀਤੇ ਕਰਮਾਂ ਨਾਲ ਤੁਸੀਂ ਅੰਤਰਕਸ਼ ਇਸ਼ਨਾਨ ਕਰਦੇ ਹੋ। ਪ੍ਰੇਮ ਭਾਵ ਤੋਂ ਬਿਨਾਂ ਕੀਤੇ ਕਰਮ ਕੁੰਚਰ ਇਸ਼ਨਾਨ ਹਨ।

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਮੈਂ ਕੁਝ ਵੀ ਨਹੀਂ ਹਾਂ ਅਤੇ ਮੇਰੇ ਵਿੱਚ ਕੋਈ ਸਦਗੁਣ ਵੀ ਨਹੀਂ ਹੈ। ਸਾਰੇ ਗੁਣ, ਸਮਰੱਥਾ ਤੇਰੀ ਦਿੱਤੀ ਹੋਈ ਹੈ ਅਤੇ ਮੇਰੀ ਕੀ ਪਾਇਆਂ ਕਿ ਮੈਂ ਕੁਝ ਪ੍ਰਾਪਤ ਕਰ ਸਕਾਂ, ਜਾਣ ਸਕਾਂ। ਮੇਰੀ ਕੀ ਤਾਕਤ ਹੈ ਸਭ ਕੁਝ ਤੇਰੀ ਰਹਿਮਤ ਨਾਲ ਪ੍ਰਾਪਤ ਹੁੰਦਾ ਹੈ।

ਤੇਰੀ ਰਹਿਮਤ ਤੋਂ ਬਿਨਾਂ ਕੋਈ ਭਗਤ ਵੀ ਨਹੀਂ ਬਣ ਸਕਦਾ। ਭਗਤ ਸਿਰਫ਼ ਧਾਰਮਿਕ ਗੁਣਗਾਣ ਨਾਲ ਨਹੀਂ ਸਗੋਂ ਉਸ ਸਮੇਂ ਬਣਦੇ ਹੋ ਜਦੋਂ ਤੁਹਾਡਾ ਅੰਤਰਕਸ਼ ਪ੍ਰਮਾਤਮਾ ਦੇ ਧੰਨਵਾਦ ਨਾਲ ਭਰਿਆ ਹੋਵੇ, ਤੁਸੀਂ ਮਹਿਸੂਸ ਕਰੋ ਕਿ ਮੈਨੂੰ ਜੋ ਕੁਝ ਵੀ ਪ੍ਰਾਪਤ ਹੋਇਆ ਹੈ ਮੇਰੀ ਯੋਗਤਾ ਤੋਂ ਜਿਆਦਾਂ ਹੈ, ਮੈ ਇਸ ਲਾਇਕ ਨਹੀਂ ਸੀ।

ਇਕ ਜਾਣਕਾਰ ਫ਼ਿਕਰਮੰਦ ਹੁੰਦਾ ਹੈ ਕਿ ਪ੍ਰਮਾਤਮਾ ਕੌਣ ਹੈ, ਕਿਥੇ ਹੈ, ਕਿਥੋਂ ਉਸਦਾ ਸਰੂਪ ਬਣਿਆ, ਉਹਨੇਂ ਕਿਵੇਂ ਸ੍ਰਿਸ਼ਟੀ ਦਾ ਨਿਰਮਾਣ ਕੀਤਾ। ਜਦ ਕਿ ਭਗਤ ਇਸ ਗੱਲ ਦੀ ਪਰਵਾਹ ਨਹੀਂ ਕਰਦਾ ਕਿਉਂਕਿ ਉਸ ਨੂੰ ਸਮਝ ਹੈ ਕਿ ਪ੍ਰਮਾਤਮਾ ਤੋਂ ਇਲਾਵਾ ਕੌਣ ਜਾਣ ਸਕਦਾ ਹੈ। ਇਹ ਸਿਰਫ਼ ਪ੍ਰਮਾਤਮਾ ਹੀ ਜਾਣਦਾ ਹੈ, ਬਾਕੀ ਸਭ ਕੁਝ ਕਿਆਸ ਇਆਇਆਂ ਹਨ। ਭਗਤ ਕਦੇ ਵੀ ਦਾਵਾ ਨਹੀਂ ਕਰਦਾ ਕਿ ਉਹ ਜਾਣਦਾ ਹੈ। ਉਹ ਸਿਰਫ਼ ਪ੍ਰੇਮ ਦਾ ਦਾਵਾ ਕਰਦਾ ਹੈ। ਯਾਦ ਰਖਣਾ, ਜਾਣਕਾਰੀ ਦਾ ਦਾਵਾ ਅੰਹਕਾਰ ਦਾ ਦਾਵਾ ਹੈ, ਪ੍ਰੇਮ ਦਾ ਦਾਵਾ ਨਿਮਰਤਾ ਦਾ ਹੈ।

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਸਿਰਫ਼ ਪ੍ਰਮਾਤਮਾ ਹੀ ਜਾਣਦਾ ਹੈ ਉਹਨੇਂ ਕਿਵੇਂ ਸ੍ਰਿਸ਼ਟੀ ਦਾ ਨਿਰਮਾਣ ਕੀਤਾ। ਮੈਂ ਕਿਵੇਂ ਵਖਾਣ ਕਰਾਂ? ਕਿਹੜੇ ਲਫ਼ਜ਼ ਵਰਤਾਂ? ਕਿਹੜੇ ਪੱਖ ਦੀ ਮਹਿਮਾਂ ਕਰਾਂ? ਕਿਹੜੀ ਸ਼ੋਭਾ ਸੋਹੰਦੀ ਹੈ? ਕਿਹੜੇ ਅਖ਼ਰ ਯੋਗ ਹਨ? ਮੈਂ ਕੁਝ ਨਹੀਂ ਜਾਣਦਾ। ਸਾਰੇ ਇਕ ਤੋਂ ਵਧ ਕੇ ਇਕ ਤੇਰੀ ਉਪਮਾ ਦਰਸਾਂਉਦੇ ਹਨ। ਪਰ ਸਭ ਅਧੂਰੇ ਹਨ। ਪ੍ਰਕਾਸ਼ਮਾਨ ਮਨੁੱਖ ਉਹ ਹੀ ਹੈ ਜਿਸਨੇ ਜਾਣ ਲਿਆ ਹੈ ਕਿ ਉਸ ਦਾ ਵਰਣਨ ਨਹੀਂ ਹੋ ਸਕਦਾ ਕਿਉਂਕਿ ਜੋ ਵੀ ਕਹਾਂਗੇ ਉਸਦੀ ਮਹਿਮਾਂ ਸਾਹਮਣੇ ਉਹ ਛੋਟਾ ਪੈ ਜਾਇਗਾ, ਥੋਥਾ ਲਗੇਗਾ, ਤੁੱਛ ਹੋ ਜਾਇਗਾ।

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਜਿਹੜਾ ਕੋਈ ਆਪਣੇ ਆਪ ਨੂੰ ਕੁਝ ਸਮਝਦਾ ਹੈ ਉਹ ਪ੍ਰਮਾਤਮਾ ਦੇ ਅੱਗੇ ਜਾ ਕੇ ਸ਼ੋਭਾ ਨਹੀ ਪਾਉਂਦਾ। ਸੱਚਾਈ ਇਹ ਹੈ ਕਿ ਉਹ ਪ੍ਰਮਾਤਮਾ ਦੇ ਘਰ ਤਕ ਪਹੁੰਚਿਆ ਹੀ ਨਹੀਂ। ਪ੍ਰਮਾਤਮਾ ਦੇ ਦਰ ਤੇ ਜੇ ਤੁਸੀਂ ਸ਼ਰਧਾਲੂ, ਤਿਆਗੀ, ਦਾਨੀ, ਦਯਾਵਾਨ, ਗਿਆਨੀ, ਜਾਂ ਹੋਰ ਕੁਝ ਦੀ ਹੈਸਿਅਤ ਨਾਲ ਜਾਓਗੇ ਤਾਂ ਤੁਸੀਂ ਅਸਫ਼ਲ ਹੋ ਜਾਓਗੇ ਕਿਉਂਕਿ ਉਹ ਦਰਵਾਜ਼ਾ ਉਹਨਾਂ ਲਈ ਖੁੱਲ੍ਹਦਾ ਹੈ ਜਿਹੜੇ ਨਾ ਕੁਝ ਹੋ ਕੇ ਜਾਂਦੇ ਹਨ, ਆਪਾ ਭਾਵ ਮਿਟਾ ਕੇ ਜਾਂਦੇ ਹਨ। ਪਰ ਜਦੋਂ ਪਰਮ ਪ੍ਰੇਮ ਉਦੇ ਹੁੰਦਾ ਹੈ, ਤਾਂ ਤੁਹਾਡੀ ਕੋਈ ਰੂਪ ਰੇਖਾ ਨਹੀ ਹੁੰਦੀ, ਤੁਹਾਡਾ ਆਪਾ ਬਿਲਕੁਲ ਮਿਟ ਜਾਂਦਾ ਹੈ।

ਜਿਸ ਮਨੁੱਖ ਦੇ ਵਿਚਾਰ ਵਿੱਚ ਮੈਂ ਕੁਝ ਹਾਂ ਆ ਗਿਆ, ਉਹ ਪ੍ਰਮਾਤਮਾ ਦੇ ਅਗੇ ਪੇਸ਼ ਨਹੀਂ ਹੋ ਸਕਦਾ। ਪ੍ਰਮਾਤਮਾ ਸਦਾ ਤੁਹਾਡੇ ਅਗੇ ਖੜ੍ਹਾ ਹੈ, ਪਰ ਜਦ ਤਕ ਤੁਸੀਂ ਵਿੱਚ ਖੜ੍ਹੇ ਹੋ ਉਦੋਂ ਤਕ ਤੁਸੀ ਉਸਨੂੰ ਵੇਖ ਨਹੀਂ ਸਕਦੇ। ਜਦੋਂ ਅੰਤਰਕਸ਼ ਮੈਂ ਤੋਂ ਵਾਂਝਾ ਅਤੇ ਪ੍ਰੇਮ ਨਾਲ ਭਰ ਜਾਂਦਾ ਹੈ ਤਾਂ ਤੁਸੀ ਨਾ ਕੁਝ ਦੀ ਤਰ੍ਹਾਂ ਹੁੰਦੇ ਹੋ ਅਤੇ ਆਪਣੇ ਘਰ ਪਹੁੰਚ ਜਾਂਦੇ ਹੋ।

LESSON 21

Central Idea: How to get Honour at Divine House.

Our deeds even good deeds are not fruitful if it is done under pride and greed.

You might have seen the people who do charity, donations, building temples, serving poor's etc. a sense of pride creep in them. Then you see most of the people serving their aged parents not because of love but out of greed

to grab property. You might have seen the blood donors' claim and their acts in pride - I have made it more than a hundred times; and they also expect in the hour of need these donations would be helpful/comeback to me. Whether the deeds are fruitful or nor the deciding factor is the intentions behind your deeds. If it is made out of love it is fruitful, if it is self-centered it is not.

Guru Nanak says deeds done in love with True One leads to Inner bath otherwise this is equal to elephant bath.

Guru Nanak says I am nothing and have no virtue. All virtues, capabilities are yours and I am not capable of attaining, knowing anything. All things are obtained through your grace. What is my capability?

One cannot become a devotee without your grace. Merely by religious singing and chanting one cannot become a devotee rather the inner self is filled with gratitude, how unworthy I am, True One has given me so much, makes you a real devotee.

The knowledgeable person is concerned about who the True One is, where is he, how he assumed form, how he fashioned creation. The devotee never bothers about what the True One is because he understands how anyone besides True One knows all this came about! True One alone can know, all else are foolish surmises. So the devotee never claims that he knows. His only claim is love. Remember, to claim knowledge is the claim of ego; the claim of love is modesty.

Guru Nanak says True One alone knows how he created the creation. How can I describe? What words shall I use? Which aspect of True One shall I glorify? What praise will be befitting? What words would be worthy? I know nothing. Every one try to express praises in your honour and each has strived to outdo the others. But all expressions are incomplete. An enlightened man is one who realized that True One cannot be expressed because any description will fall short of him and seems hollow, insignificant when compared to his glory.

Guru Nanak says whoever considers himself to be something invariably misses the True One, unworthy before him. The truth is that he never even reaches the final destination of resting, Home. If you go to the door of True One as a pilgrim, renunciant, donor, merciful, wise man, whatever, you will fail because the door opens only for those who are nothing, nobody, who have annihilated their selves totally. When the ultimate love arises, there should remain no sign of you; your very self should turn to dust.

Who has even a single thought of being someone, he cannot appear before the True One. True One forever stands before you, but as long as you are, you cannot see him. When your Inner self filled with love, devoid of I-ness, you are as if you are nothing, you are at your Home.